

# ਛਾਤੀ ਦੇ ਕੈਂਸਰ ਤੋਂ ਆਪਣਾ ਬਚਾਅ ਕਰੋ

*ਆਪਣ ਤੱਥਾ ਬਾਰੇ ਜਾਣ*

## ਛਾਤੀ ਦੇ ਕੈਂਸਰ ਦੀਆ ਜਾਚਾ ਜਿੰਦਗੀਆ ਬਚਾਉਦੀਆ ਹਨ

### ਛਾਤੀ ਦਾ ਕੈਂਸਰ CALIFORNIA ਦੀਆਂ ਮਹਿਲਾਵਾਂ ਵਿੱਚ ਹੋਣ ਵਾਲਾ ਸਭ ਤੋਂ ਆਮ ਕੈਂਸਰ ਹੈ

ਕਿਸੇ ਵਿਅਕਤੀ ਵਿੱਚ ਕੋਈ ਲੱਛਣ ਹੋਣ ਤੋਂ ਪਹਿਲਾਂ ਛਾਤੀ ਦੇ ਕੈਂਸਰ ਦੀਆਂ ਜਾਂਚਾਂ ਵਿੱਚ ਇਸਦਾ ਪਤਾ ਲਾਇਆ ਜਾ ਸਕਦਾ ਹੈ। ਜਿੰਨੀ ਛੇਤੀ ਕੈਂਸਰ ਦਾ ਪਤਾ ਚਲਾ ਜਾਂਦਾ ਹੈ, ਇਸਦਾ ਇਲਾਜ ਕਰਨਾ ਉਨਾ ਹੀ ਸੌਖਾ ਹੰਦਾ ਹੈ। ਮੈਮੋਗ੍ਰਾਮ ਕਰ ਕੇ ਡਾਕਟਰ ਛਾਤੀ ਦੇ ਕੈਂਸਰ ਦਾ ਸ਼ੁਰੂਆਤ ਵਿੱਚ ਹੀ ਪਤਾ ਲਗਾ ਸਕਦੇ ਹਨ।

ਇੱਕ ਮੈਮੋਗ੍ਰਾਮ ਛਾਤੀ ਦੀ ਇੱਕ ਐਕਸ-ਰੇ ਤਸਵੀਰ ਹੰਦੀ ਹੈ। ਮੈਮੋਗ੍ਰਾਮ ਛਾਤੀ ਦੇ ਕੈਂਸਰ ਦਾ ਜਲਦੀ ਪਤਾ ਲਗਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਅਤੇ ਇਸ ਤੋਂ ਪਹਿਲਾਂ ਹੀ ਕਿ ਇਹ ਇੰਨਾਂ ਵੱਡਾ ਹੋਵੇ ਕਿ ਲੱਛਣ ਮਹਿਸੂਸ ਕੀਤੇ ਜਾਣ ਜਾਂ ਲੱਛਣਾਂ ਦਾ ਕਾਰਨ ਬਣੇ।

ਤਹਾਡਾ ਸਿਹਤ ਸੰਭਾਲ ਪ੍ਰਦਾਤਾ ਸਰੀਰਕ ਪ੍ਰੀਖਿਆ ਦੇ ਦੌਰਾਨ ਗੰਢਿਆਂ ਅਤੇ ਹੋਰ ਬਦਲਾਵਾਂ ਲਈ ਛਾਤੀਆਂ ਦੀ ਵੀ ਜਾਂਚ ਕਰ ਸਕਦਾ ਹੈ।

ਆਪਣੀ ਛਾਤੀ ਬਾਰੇ ਜਾਗਰੂਕ ਰਹੋ। ਇਹ ਜਾਣੋ ਕਿ ਆਮ ਤੌਰ ਤੇ ਤਹਾਡੀ ਛਾਤੀ ਕਿਵੇਂ ਦਿਸਣੀ ਅਤੇ ਮਹਿਸੂਸ ਹੋਣੀ ਚਾਹੀਦੀ ਹੈ। ਆਪਣੇ ਡਾਕਟਰ ਨੂੰ ਦੱਸੋ ਜੇ ਤਸੀਂ ਕੋਈ ਬਦਲਾਵ ਦੇਖਦੇ ਜਾਂ ਮਹਿਸੂਸ ਕਰਦੇ ਹੋ।

ਛਾਤੀ ਦੇ ਕੈਂਸਰ ਦੀ ਸਕ੍ਰੀਨਿੰਗ ਕਦੋਂ ਸ਼ੁਰੂ ਕਰਨੀ ਹੈ ਅਤੇ ਤਹਾਨੂੰ ਕਿੰਨੀ ਵਾਰ ਮੈਮੋਗ੍ਰਾਮ ਕਰਵਾਉਣਾ ਚਾਹੀਦਾ ਹੈ ਇਸ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ, ਖ਼ਾਸ ਕਰਕੇ ਜੇ ਤਹਾਨੂੰ ਕੋਈ ਵਧੇ ਹੋਏ ਜੋਖਮ (ਉਦਾਹਰਨ, ਛਾਤੀ ਜਾਂ ਦੂਜੇ ਕੈਂਸਰਾਂ ਦਾ ਪਰਿਵਾਰਕ ਜਾਂ ਨਿੱਜੀ ਇਤਿਹਾਸ) ਹਨ।

### ਛਾਤੀ ਦੇ ਕੈਂਸਰ ਦੀਆਂ ਕੁਝ ਚੇਤਾਵਨੀਆਂ ਅਤੇ/ਜਾਂ ਲੱਛਣਾਂ ਵਿੱਚ ਸ਼ਾਮਲ ਹਨ:

- ਛਾਤੀ ਜਾਂ ਬਾਂਹ ਦੇ ਥੱਲ੍ਹੇ ਗੰਢਾ, ਪੁੰਜ, ਜਾਂ ਸੱਜਣਾ;
- ਛਾਤੀ ਦੇ ਆਕਾਰ ਜਾਂ ਬਣਤਰ ਵਿੱਚ ਬਦਲਾਵ;
- ਛਾਤੀ ਜਾਂ ਨਿੱਪਲ ਦੀ ਚਮੜੀ ਦੀ ਬਣਤਰ ਅਤੇ ਰੰਗ (ਡਿਮਪਲਿੰਗ, ਪੱਕਰਿੰਗ, ਲਾਲੀ, ਜ਼ਖ਼ਮੀ ਚਮੜੀ, ਜਾਂ ਡੂੰਘਾਈ) ਵਿੱਚ ਬਦਲਾਵ;
- ਨਿੱਪਲ ਦਾ ਖਿਚਣਾ ਜਾਂ ਉਲਟਣਾ;
- ਨਿਪੱਲ ਵਿੱਚੋਂ ਤਰਲ ਪਦਾਰਥ ਨਿਕਲਣਾ; ਅਤੇ/ਜਾਂ
- ਛਾਤੀ ਵਿੱਚ ਦਰਦ।

ਕਿਰਪਾ ਕਰਕੇ ਨੋਟ ਕਰੋ ਕਿ ਇਹ ਚੇਤਾਵਨੀ ਸੰਕੇਤ ਅਤੇ/ਜਾਂ ਲੱਛਣ ਛਾਤੀ ਦੇ ਕੈਂਸਰ ਤੋਂ ਇਲਾਵਾ ਹੋਰ ਸਥਿਤੀਆਂ ਕਾਰਨ ਹੋ ਸਕਦੇ ਹਨ।



### ਤਸੀ ਛਾਤੀ ਦੇ ਕਸਰ ਦੀ ਮੁਫਤ ਜਾਂਚ ਲਈ ਯੋਗ ਹੋ ਸਕਦੀ ਹੋ ਜੇ ਤਸੀ:

- ✓ 40 ਜਾਂ ਉਸ ਤੋਂ ਵੱਧ ਉਮਰ ਹੈ
- ✓ ਆਮਦਨ ਘੱਟ ਹੈ
- ✓ ਕੋਈ ਬੀਮਾ ਨਹੀਂ ਜਾਂ ਸੀਮਿਤ ਬੀਮਾ ਹੈ
- ✓ California ਵਿੱਚ ਰਹਿੰਦੀ ਹੋ

### ਸਾਨ ਅੱਜ ਹੀ ਕਾਲ ਕਰੋ!

ਇਹ ਦੇਖਣ ਲਈ ਕਿ ਕੀ ਤਸੀਂ Every Woman Counts Program (ਹਰ ਮਹਿਲਾ ਮਾਯਨੇ ਰੱਖਦੀ ਹੈ ਪ੍ਰੋਗਰਾਮ) ਲਈ ਯੋਗ ਹੋ, 1-800-511-2300 'ਤੇ ਕਾਲ ਕਰੋ।

ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ ਜਾਓ: **dhcs.ca.gov/EWC**

DHCS California Department of HealthCareServices